ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ ਖੋਜਨਾਮਾ
ISSN: 2584-0509


# ਪਿਤਾ ਸਮਾਨ ਮੇਰੇ ਵੀਰ ਸੁਰਜੀਤ ਪਾਤਰ



ਉਪਕਾਰ ਸਿੰਘ
+1(647)514-5023

ਪਾਤਰ ਸਾਹਿਬ ਮੇਰੇ ਤੋਂ ਚਾਰ ਸਾਲ ਵੱਡੇ ਸਨ। ਬਚਪਨ ਬਾਰੇ ਬਹੁਤ ਕੁੱਝ ਯਾਦ ਨਹੀਂ। ਪਰੰਤੂ ਇਹ ਨਾ ਭੁਲਣਯੋਗ ਹੈ ਕਿ ਪਾਤਰ ਸਾਹਿਬ, ਬਚਪਨ ਤੋਂ ਹੀ ਮੇਰੇ ਰਾਹ ਦਸੇਰੇ ਰਹੇ ਹਨ। ਸਾਡੇ ਪਿੰਡ ਸਕੂਲ ਚੌਥੀ ਤੱਕ ਹੀ ਸੀ। ਜਦ ਮੈਂ ਪਹਿਲੀ 'ਚ ਦਾਖਲ ਹੋਇਆ, ਪਾਤਰ ਸਾਹਿਬ ਨਾਲ ਦੇ ਪਿੰਡ ਖੋਹਰਾ ਮੱਝਾ ਵਿੱਚ ਪੰਜਵੀਂ 'ਚ ਦਾਖਲ ਹੋਏ। ਮੈਂ ਛੇਵੀਂ ਤੇ ਉਨ੍ਹਾਂ ਦਸਵੀਂ ਇੱਕੋ ਸਮੇਂ ਇਸੇ ਸਕੂਲ ਵਿੱਚ ਕੀਤੀ। ਰਣਧੀਰ ਕਾਲਜ ਕਪੂਰਥਲਾ ਤੋਂ ਉਹ ਬੀ.ਏ. ਕਰਕੇ ਪਟਿਆਲਾ ਚਲੇ ਗਏ ਤੇ ਮੈਂ ਰਣਧੀਰ ਕਾਲਜ ਵਿੱਚ ਪ੍ਰੀ ਯੂਨੀਵਰਸਿਟੀ ਸ਼ੁਰੂ ਕੀਤੀ। ਇੱਕ ਸਾਲ ਅਸੀਂ ਪੰਜਾਬੀ ਯੂਨੀਵਰਸਿਟੀ ਵਿਖੇ ਸਾਂ। ਅਸੀਂ ਬਹੁਤ ਘੱਟ ਸਮਾਂ ਇੱਕਠੇ ਰਹੇ ਹਾਂ। ਮੈਂ ਫਿਜ਼ਿਕਸ ਦੀ ਐੱਮ. ਐੱਸ. ਸੀ. ਕਰਕੇ ਪੂਰਬੀ ਅਫ਼ਰੀਕਾ ਦੇ ਦੇਸ਼ ਕੀਨੀਆ ਚਲਾ ਗਿਆ ਅਤੇ ਪਾਤਰ ਸਾਹਿਬ ਉਦੋਂ ਪੀ. ਏ. ਯੂ. ਵਿੱਚ ਆ ਚੁੱਕੇ ਸਨ।

ਪਾਤਰ ਸਾਹਿਬ ਦੀ ਕਵਿਤਾ ਨਾਲ ਮੇਰਾ ਤੁਆਰਫ਼ 1969-70 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਇਆ। ਉਨ੍ਹਾਂ ਦੀਆਂ ਤਰੱਨੁਮ ਵਿੱਚ ਪੇਸ਼ ਕਰਕੇ ਬੜੀਆਂ ਕਾਵਿ ਪ੍ਰਤੀਯੋਗਤਾਵਾਂ ਜਿੱਤੀਆਂ। ਉਨ੍ਹਾਂ ਹਮੇਸ਼ਾਂ ਮੇਰੇ ਗਾਉਣ ਦੇ ਸ਼ੌਕ ਨੂੰ ਉਭਾਰਿਆ। ਮੈਨੂੰ ਅਕਸਰ ਪ੍ਰਦੇਸ ਵਿੱਚ ਉਨ੍ਹਾਂ ਦੇ ਖ਼ਤ ਆਉਂਦੇ ਸਨ, ਜੋ ਮੈਂ ਅਜੇ ਤੱਕ ਸੰਬਾਲੇ ਹੋਏ ਹਨ। ਇੱਕ ਖ਼ਤ ਵਿੱਚ ਉਨ੍ਹਾਂ ਮੈਨੂੰ ਲਿਖਿਆ:

"ਮੈਨੂੰ ਉਮੀਦ ਹੈ ਸੰਗੀਤ ਨਾਲ ਆਪਣਾ ਰਿਸ਼ਤਾ ਤੂੰ ਪੂਰੀ ਸ਼ਿੱਦਤ ਨਾਲ ਨਿਭਾ ਰਿਹਾ ਹੋਵੇਂਗਾ"।

ਉਨ੍ਹਾਂ ਦੀ ਬਖਸ਼ੀ ਸ਼ਿੱਦਤ ਅਤੇ ਉਤਸ਼ਾਹ ਸਦਕਾ ਹੀ 1987 ਵਿੱਚ ਮੈਂ ਆਪਣੀ ਪਹਿਲੀ ਐਲਬਮ (ਕੈਸਿਟ) ਰੀਕਾਰਡ ਕਰਵਾਈ ਜਿਸਦਾ ਨਾਮ ਰੱਖਿਆ 'ਦਹਿਲੀਜ਼'। ਉਸਤੋਂ ਬਾਅਦ 1993-94 ਵਿੱਚ ਪੰਜਾਬੀ ਦੇ ਨਾਮਵਰ ਸ਼ਾਇਰਾਂ ਦੀਆਂ ਗੀਤਾਂ ਗ਼ਜ਼ਲਾਂ ਵਾਲੀ ਕੈਸਿਟ 'ਚਾਨਣ ਦੀ ਫੁਲਕਾਰੀ' ਰਿਕਾਰਡ ਕਰਵਾਈ।

ਮੇਰੀਆਂ ਦੇਸ਼ ਫੇਰੀਆਂ ਸਮੇਂ ਅਸੀਂ ਹਰ ਰੋਜ਼ ਸਵੇਰੇ ਰੇਡੀਓ ਲਾਹੌਰ ਤੋਂ ਮਹਿੰਦਰ ਹਸਨ ਅਤੇ ਗੁਲਾਮ ਅਲੀ ਦੀਆਂ ਗ਼ਜ਼ਲਾਂ ਸੁਣਿਆਂ ਕਰਦੇ ਸਾਂ। ਸ਼ਾਮਾਂ ਨੂੰ ਇੱਕਠੇ ਬੈਠ ਕੇ ਸਿਤਾਰ-ਵਾਦਨ ਅਤੇ ਸੰਤੂਰ ਵਾਦਨ, ਬੰਸੁਰੀ-ਵਾਦਨ ਸੁਣਕੇ ਲੁਤਫ਼ ਉਠਾਉਂਦੇ।

ਬੇਸ਼ਕ ਕੀਨੀਆ ਰਹਿੰਦਿਆਂ ਮੈਂ ਉਨ੍ਹਾਂ ਦੀ ਸ਼ਾਇਰੀ ਨੂੰ ਬਹੁਤ ਨਹੀਂ ਗਾਇਆ, ਪਰ ਮੈਂ ਕੁੱਝ ਗੀਤਾਂ ਗ਼ਜ਼ਲਾਂ ਨੂੰ ਸੁਰਬੱਧ ਕਰ ਸਕਿਆ। 2004-05 ਦੀ ਗੱਲ ਹੈ ਕਿ ਇੱਕ ਦਿਨ ਮੈਂ ਮੇਰੀ

ਬੁੱਕ-ਸ਼ੈਲਫ ਵਿੱਚ ਕਾਫ਼ੀ ਸਮੇਂ ਤੋਂ ਪਈ ਕਿਤਾਬ 'ਬਿਰਖ਼ ਅਰਜ਼ ਕਰੇ' ਖੋਲ੍ਹੀ ਤਾਂ ਉਨ੍ਹਾਂ ਦੀ ਗ਼ਜ਼ਲ 'ਸੁਪਨਿਆਂ ਵਿੱਚ ਰੋਜ਼ ਮੈਂ ਸਾਰੰਗੀਆਂ' ਵਾਲਾ ਸਫ਼ਾ ਖੁੱਲ੍ਹਿਆ। ਗ਼ਜ਼ਲ ਦਾ ਮਤਲਾ ਮੇਰੇ ਧੁਰ ਅੰਦਰ ਲਹਿ ਗਿਆ। ਮੈਂ ਇਸ ਗ਼ਜ਼ਲ ਨੂੰ ਕੰਪੋਜ਼ ਕੀਤਾ ਤੇ ਇਸੇ ਕਿਤਾਬ ਜਿਹੜੀ ਕਿ ਸਾਡੇ ਚਚੇਰੇ ਭਰਾ ਮਸ਼ਹੂਰ ਗਾਇਕ ਦੀਦਾਰ ਸਿੰਘ ਪ੍ਰਦੇਸੀ ਤੇ ਇਸ ਛੋਟੇ ਵੀਰ ਨੂੰ ਸਮਰਪਿਤ ਹੈ, ਵਿੱਚੋਂ 'ਇੱਕ ਲਫ਼ਜ਼ ਵਿਦਾ', 'ਬੰਸਰੀ ਬਿਰਤਾਂਤ', ਅਤੇ 'ਰਾਤ' ਸੁਰਬੱਧ ਕਰਕੇ ਅਤਟ ਹੋਰ ਗੀਤ ਗ਼ਜ਼ਲਾਂ ਚੁਣ ਕੇ ਸਮੁੱਚੀ ਪਾਤਰ ਸਾਹਿਬ ਦੀ ਸ਼ਾਇਰੀ ਵਾਲੀ ਐਲਬਮ 'ਦਿਲ ਦਾ ਸਾਜ਼' 2012 ਵਿੱਚ ਨੈਰੋਬੀ ਵਿਖੇ ਰੀਲੀਜ਼ ਕੀਤੀ। ਇਸੇ ਤਰ੍ਹਾਂ 2018 ਅਪ੍ਰੈਲ ਨੂੰ ਇਸ਼ਮੀਤ ਇੰਸਟੀਟਿਊਟ ਆਫ ਮਿਊਜ਼ਕ, ਲੁਧਿਆਣਾ ਵਿਖੇ ਦੂਸਰੀ ਸਮੁੱਚੇ ਪਾਤਰ ਸਾਹਿਬ ਦੇ ਕਲਾਮ ਵਾਲੀ ਐਲਬਮ 'ਸੁਰਾਂਗਲੀ' ਰੀਲੀਜ਼ ਕੀਤੀ। ਉਨ੍ਹਾਂ ਦੇ ਕਲਾਮ ਵਿਚਲੀ ਪ੍ਰਗੀਤਕਤਾ ਮੈਨੂੰ ਕੰਪੋਜ਼ ਕਰਨ ਅਤੇ ਪੇਸ਼ ਕਰਨ ਵਾਸਤੇ ਉਤਸ਼ਾਹ ਦਿੰਦੀ ਹੈ।